( ਕਰਤਾ ਪੁਰਖ ਸਰਬਮਯ ਏਕੁ )

ਚੇਤਰ ਚੇਤ ਚੇਤੰਨ ਪੁਰਖ ਚਿਤ ਮਹਿ ਜਾ ਕਾ ਵਾਸੁ ॥
ਪੂਰਨ ਪੂਰ ਸਰਬੱਤ੍ਰ ਮਯ ਅਤਿ ਸਯ ਸਤਿ ਸੁਖ ਰਾਸੁ ॥

ਅਕਾਲ ਜੀ ਸਹਾਏ ॥

# ਚੇਤਰ

## ਬਾਬਾ ਦਰਵੇਸ਼ ਹਰੀ ਜੀ

Digitized by Panjab Digital Library | www.panjabdigilib.org

( ਸਰਬ ਖਾਲਸੇ ਪ੍ਰਤੀ )

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

ਚੇਤਰ ਚੇਤ ਤੂੰ ਖਾਲਸਾ ਸਚੁ ਸਤਿਗੁਰੂ ਸਿਰਜਨ ਹਾਰੁ ॥
ਜਿਨ ਤੋਹਿ ਸਾਜ ਸ੍ਵਾਰਿਆ ਸੰਗ ਕੀਤਾ ਸਿੰਗਾਰ ॥ ੧ ॥
ਓਸ ਸਮੇ ਦੀ ਯਾਦਿ ਨੂੰ ਨਿਤ ਤਾਜਾ ਰੱਖ ਹੀਏ ॥
ਜੀਵਨ ਤੇਰਾ ਏਹੀ ਹੈ ਜਿਸੁ ਤੇ ਤੂੰ ਜੀਏਂ ॥ ੨ ॥
ਸਮਤਾ ਸਤਿਗੁਰੂ ਹੀਏ ਸਦ ਬਿਖਮ ਭਾਵ ਕਦੇ ਨਾਹਿ ॥
ਤਿਸੁ ਦਰੁ ਸਭੈ ਵਰਸਾਇ ਦੇ ਜੋ ਜੈਸਾ ਤੈਸਾ ਆਹਿ ॥ ੩ ॥
ਸਣੇ ਸਣੇ ਕਾਲ ਬੀਤਿਆ ਪਹੁਤਾ ਅਜ ਤੱਕ ਬਾਇ ॥
ਵਰਤਾਰਾ ਜੋ ਬੀਤਦਾ ਪੂਰਬ ਕਹਿਆ ਸਾਇ ॥ ੪ ॥
ਇਕੋ ਸਤਿਗੁਰੂ ਸੂਰਮਾਂ ਧਰਮ ਪੁਤਰ ਤੂੰ ਇਕੁ ॥
ਭਾਵ ਸਮੱਸ਼ਟੀ ਗੁਰੂ ਕੇ ਹਿਰਦੇ ਮਾਹਿ ਹੀ ਟਿੱਕੁ ॥ ੫ ।

Digitized by Panjab Digital Library | www.panjabdigilib.org

ਰੂਪ ਰੰਗ ਚਾਹਿ ਕੇਸ ਭੀ ਸਹਿਜੀ ਚਰਨੀ ਖੰਡ ॥
ਗੁਰੂ ਘਰ ਸਭੇ ਪ੍ਰਵਾਣ ਹੈ ਖਾਲਸਾ ਰੂਪ ਅਖੰਡ ॥ ੬ ॥
ਬੀਤ ਗਿਆ ਜੋ ਸਮਾ ਹੈ ਸਹੇ ਅਨਕ ਪ੍ਰਕਾਰ ਕਲੇਸ਼ ॥
ਸੋ ਸਭ ਹੀ ਹੁਣ ਭੁਲ ਜਾ ਕਿਉਂਕਿ ਭਾਰਤ ਤੇਰਾ ਦੇਸ਼ ॥ ੭ ॥
ਬੜੇ ਬੜੇ ਘਮਸ਼ਾਨ ਹੋਇ ਸਾਂਤ ਘੋਰ ਅਰ ਮੂੜ ॥
ਹੇਰੀ ਫੇਰੀ ਅਨਕ ਬਿਧਿ ਉਡੀ ਬਹੁ ਬਿਧਿ ਧੂੜ ॥ ੮ ॥
ਧੂੰਆਂ ਧਾਰ ਅਕਾਸ ਜੋ ਅੰਧਾ ਧੁੰਦ ਬਿਕਰਾਲ ॥
ਅਬ ਅਕਾਸ਼ ਨਿਰਮਲ ਥੀਆ ਬਹੁ ਬਿਧਿ ਕਰੀ ਸੰਭਾਲ ॥ ੯ ॥
ਸੁਤਾ ਰਹਿਓ ਤੂੰ ਦ੍ਵੈਤ ਵੱਸ ਖਿਚਾ ਧੂਈ ਵਿਚ ਲੱਗ ॥
ਅਚਰਜ ਜੁਗਤੀ ਰੱਚ ਕੈ ਤੈਨੂੰ ਕੀਤਾ ਸੁਜੱਗ ॥ ੧੦ ॥
ਜਾਗੋ ਮੀਟੀ ਵਿਚ ਹੀ ਬਲੀ ਬਨਾਇਆ ਤੋਹਿ ॥
ਮੰਨ ਭਾਵੇਂ ਤੂੰ ਨ ਮੰਨ ਉਹੁ ਜਸ ਬੁਧਿ ਤੇਰੀ ਹੋਹਿ ॥ ੧੧ ॥

Digitized by Panjab Digital Library | www.panjabdigilib.org

ਉਸ ਅਪਨਾ ਫਰਜ ਨਿਭਾਹਿਆ ਬਿਨਾ ਕਿਸੇ ਹੀ ਝਿਜਕ ॥
ਕਿਉਂਕਿ ਅੰਗ ਧਰਮ ਕੋ ਏਕੁ ਹੀ ਉਸ ਵਿਚ ਕਾਹਦੀ ਹਿਚਕ ॥ ੧੨ ॥
ਉਸ ਪੁਰਖੁ ਨੂੰ ਖੁਸ਼ੀ ਵੰਡ ਏਹੀ ਹੈ ਕਿ ਦੇਖੇ ਖੇੜਾ ਤੋਰੁ ॥
ਸਮਤਾ ਰੰਗ ਇਕਠੇ ਸਭੈ ਪ੍ਰਿਯ ਤੁਧ ਬਿਨ ਕਉਣ ਉਸ ਹੋਰ ॥ ੧੩ ॥
ਤੂੰ ਉਸਦਾ ਉਹੁ ਤੇਰਾ ਹੈ ਰੰਚਕ ਭਾਵ ਨ ਦ੍ਵੈਤ ॥
ਓਤ ਪੋਤ ਸਤਾ ਏਕੁ ਹੀ ਘੱਟ ਘੱਟ ਏਕਾ ਰੈਹਿਤ ॥ ੧੪ ॥
ਸਮ ਸਤਾ ਤੇਰੀ ਭਈ ਭਾਰਤ ਨੇਤਿ ਦੀ ਚਾਲ ॥
ਪ੍ਰਗੱਟ ਸਾਂਹਵੇ ਹੀ ਸਭੈ ਬਿਨਾ ਵਾਰ ਬਿਨਾ ਢਾਲ ॥ ੧੫ ॥
ਮਿਲ ਜੁਲ ਕੇ ਭਾਵ ਇਕ ਜਿਹਾ ਸਾਂਝਾ ਭਾਉ ਵਿਚਾਰੁ ॥
ਕਾਰਜ ਕਰਣਾ ਦੇਸ ਦਾ ਅਹੰਤਾ ਮਮਤਾ ਜਾਰ ॥ ੧੬ ॥
ਰਾਜ ਨੇਤ ਕੋ ਧਰਮ ਭੀ ਪਰਜਾ ਪਾਲਨ ਜੇਤਿ ॥
ਨਿਜੀ ਲਾਲਚ ਕੋ ਛਾਡ ਕੇ ਪ੍ਰਜਾ ਸੁਧਾਰੇ ਹੇਤਿ ॥ ੧੭ ॥
ਸਭ ਬੁਧਿ ਇਕ ਥਾ ਨਾਹਿ ਹੈ ਪ੍ਰਜਾ ਬਹੁ ਬਿਸਥਾਰੁ ॥
ਸਲਾਹ ਲੈ ਇਕ ਦੂਏ ਤੋ ਠੀਕ ਜੋ ਤੈਸ ਸੁਧਾਰ ॥ ੧੮ ॥

Digitized by Panjab Digital Library | www.panjabdigilib.org

ਮਾਨ ਵਡਿਆਈ ਹੰਕਾਰ ਦਾ ਜੋ ਜਾਮਾਂ ਅਤੀ ਮਲੀਨ ॥
ਇਸੇ ਉਤਾਰ ਕੇ ਪਰੇ ਸੁਟ ਸੇਵਾ ਸੁਰਤਿ ਹੋਹੁ ਲੀਨ ॥ ੧੯ ॥
ਚਾਹਿ ਦੇਸ਼ ਚਾਹਿ ਕੌਮ ਪੂਜਾ ਸਭ ਇਕ ਰੂਪ ॥
ਤਾਂ ਤੇ ਸਭ ਸੰਗ ਏਕ ਭਾਉ ਅਚਰਜ ਖੇਡ ਅਨੂਪ ॥ ੨੦ ॥
ਘਰ ਤੱਤ ਸਾਗਰ ਈਸ ਮਹਿ ਪ੍ਰਗੱਟ ਕੀਨਾ ਤੋਹਿ ॥
ਰੱਖਿਆ ਦੇਸ਼ ਅਰ ਧਰਮ ਕੀ ਉਸ ਅਉਸਰ ਇਛੁ ਸੋਹਿ ॥ ੨੧ ॥
ਅਬ ਤੂੰ ਭਯੋ ਜਵਾਨ ਸਭ ਕਾਰਜ ਪੂਰੇ ਕਰਣ ਕਉ ।
ਸਣੇ ਸਣੇ ਸਭ ਹੋਹਿ ਕਾਹਲੀ ਨ ਇਸ ਮੇ ਚਾਹੀਏ ॥ ੨੨ ॥
ਹੁਣ ਨ ਜਰਵਾਣੇ ਦੁੰਧੀ ਨਾਹਿ ਵਾਗ ਡੋਰ ਨਿਜ ਹਾਥ ॥
ਭਾਰਤ ਭੂਮ ਸੁਹਾਵਣੀ ਚਹਿਲ ਪਹਿਲ ਕੀ ਗਾਥ ॥ ੨੩ ॥
ਕਾਰੀਯ ਕੀਨਾ ਸ਼ੁਰੂ ਜੋ ਸੋ ਪੂਰਨ ਬਿਸ੍ਵੇ ਬੀਸ ॥
ਸੰਸਾ ਰੰਚਕ ਨਾਹਿ ਕਿਛੁ ਪ੍ਰਗੱਟ ਹੀ ਸਭੈ ਦੀਸ ॥ ੨੪ ॥
ਊਚ ਨੀਚ ਮਧ ਏਕਸਾ ਭਾਉ ਪਿਆਰ ਅਪਨਾ ॥
ਜਿਸ ਤੇ ਏਕਤਾ ਦ੍ਰਿੜ ਹੋ ਉਪਜੇ ਅਤ ਹੀ ਸੁਖ ਘਣਾ । ੨੫ ॥

Digitized by Panjab Digital Library | www.panjabdigilib.org

ਬੁਰੇ ਦਾ ਬਦਲਾ ਬੁਰਾ ਨ ਭਲਾ ਕਰ ਵਿਰੋਧੁ ਗਵਾ ॥
ਪਾ ਗਲਵੱਕੜੀ ਗਲ ਮਿਲੋ ਕਿਉਂਕਿ ਰੈਹਿਣਾ ਇਕੋ ਜਾ ॥ ੨੬ ॥
ਫੁਟਾਂ ਪਈਆਂ ਜੋ ਆਪੁ ਮੱਧ ਸੰਪ੍ਰਦਾਉਿਂ ਦੀ ਚਾਲ ॥
ਤਿਸੁ ਵਲ ਖਿਆਲ ਵਧਾ ਹੁਣ ਕਰ ਇਕਠਾ ਕਰਨ ਦੀ ਢਾਲ ॥ ੨੭ ॥
ਜੇਤੀਆਂ ਫੁਟਾ ਉਪਜੀਆਂ ਖੁਦਗਰਜੀ ਤੇ ਜਾਣ ॥
ਹੁਣ ਖੁਦਗਰਜੀ ਨੂੰ ਛੱਡ ਕੇ ਕਰ ਮੇਲ ਮਿਲਾਪੁ ਮਹਾਨ ॥ ੨੮ ॥
ਇਕ ਦੂਏ ਨੂੰ ਧਾ ਮਿਲੋ ਆਪਣਾ ਅੰਗ ਹੀ ਜਾਣ ॥
ਪੂਰਬ ਫੁਟ ਮਿਟਾਇ ਕੈ ਕਰਉ ਸਭੈ ਗਲੇ ਲਗਾਣ ॥ ੨੯ ॥
ਖਾਲਸਾ ਤੂੰ ਸਰਬੱਤ੍ਰ ਹੈ ਕਰੁ ਇਕ ਜਿਹਾ ਭਾਉ ਸਬਾ ॥
ਦੇ ਆਉ ਬੈਠ ਆਦਰ ਸਭੈ ਧੋਹੁ ਪੂਰਬ ਲਗਾ ਧੱਬਾ ॥ ੩੦ ॥
ਅਪਨੇ ਹੀ ਤੁਛ ਖਿਆਲ ਤੇ ਜੋ ਪੂਰਬ ਬਿਗੜੀ ਬਾਤ ॥
ਹੁਣ ਮਹਾਨ ਖਿਆਲ ਨੂੰ ਮੁਖ ਰੱਖ ਕਰੋ ਸੁਧਾਰ ਵਿਖਯਾਤ ॥ ੩੧ ॥
ਬਦਲਾ ਲੈਣ ਦੇ ਭਾਵ ਨੂੰ ਦੂਰ ਤੇ ਦੂਰ ਹਟਾ ॥
ਕਰੁ ਭਲਾਈ ਸਭਸ ਨਾਲ ਤੇਰਾ ਹੋਊ ਭਲਾ ॥ ੩੨ ॥

Digitized by Panjab Digital Library | www.panjabdigilib.org

ਬੁਰੇ ਨਾਲ ਬੁਰਾ ਸਭ ਕੋ ਕਰੈ ਭਲੇ ਨਾਲ ਭਲਾ ਜਗ ਹੋਇ ॥
ਬੁਰੇ ਨਾਲ ਭੀ ਭਲਾ ਜੋ ਕਰੇ ਬੁਧਿਮੰਤ ਕਹੀਐ ਸੋਇ ॥ ੩੩ ॥
ਭਾਉ ਪ੍ਰੇਮ ਦੀ ਤਾਰ ਬੱਝ ਕਰਣਾ ਕਾਰੀਯ ਜੇਤਿ ॥
ਦੁਰਗੁਣ ਦੂਰ ਭਗਾਇ ਕੈ ਸਭ ਸੋ ਕਰੀਐ ਹੇਤਿ ॥ ੩੪ ॥
ਵੱਡਾ ਕਾਰੀਯ ਏਹੀ ਹੈ ਤੋਹਿ ਖਾਲਸਾ ਕਰਣੇ ਯੋਗ ॥
ਇਸ ਵਿਚ ਦੇਰੀ ਨ ਕਰੀ ਹੀਏ ਨਿਮ੍ਰਤਾ ਸਭਹਿ ਸਹਿਯੋਗ ॥ ੩੫ ॥
ਪੱਛੜਿਆ ਸੈ ਤੂੰ ਅਗੇ ਹੁਣ ਪਦ ਮਿਲਾ ਸਮਾਨ ॥
ਸਤਿਗੁਰੂ ਦੀਨਾ ਤੋਹਿ ਏਹਿ ਸਚੁ ਹੀ ਹੀਏ ਪਛਾਨ ॥ ੩੬ ॥
ਦੇਸ ਵਿਚਾਰ ਖੰਡ ਰਾਜਨੈਤ ਜਿਵੇ ਸ਼ਤਰੰਜੀ ਚਾਲ ॥
ਪੱਕੀ ਤੇ ਬਿਗਾੜ ਸਦ ਕਚੀ ਰਹੇ ਸੁਖ ਸਾਲ ॥ ੩੭ ॥
ਏਹਿ ਹੈ ਖੇਡ ਕੁਛ ਸੱਚੁ ਨ ਕਿਤੇ ਸਚੁ ਨ ਲਈ ਇਸੇ ਮਾਨੁ ॥
ਇਸ ਵਿਚ ਵਾਂਗ ਪੰਘੂੜੇ ਊਚ ਨੀਚ ਹੋਦਾ ਸਗਲ ਜਹਾਨ ॥ ੩੮ ॥
ਪੂਰਬ ਕਰੀ ਹੈ ਸੇਵ ਜੋ ਰਖੀ ਹੀਏ ਰਾਜ ਕੀ ਚਾਹੁ ॥
ਸੋ ਭੋਗਣਾ ਸਭੋ ਕੋ ਜਿਤ ਜਿਤੁ ਪੁੰਨ ਕਿਸੀ ਆਹੁ ॥ ੩੯ ॥

Digitized by Panjab Digital Library | www.panjabdigilib.org

ਵੈਰ ਵਿਰੋਧ ਤਿਆਗ ਕੈ ਨਿਯਮ ਇਵੇਹੇ ਬੰਨ ॥
ਫੁਟੇ ਕਦੇ ਨ ਆਪ ਮੱਧ ਨ ਕੋਈ ਲਾਏ ਸੰਨ ॥ ੪੦ ॥
ਜੇ ਕੋਈ ਬਿਗੜੀ ਬਾਤ ਹੈ ਤਾਂ ਸੀਘਰ ਲੈ ਸੁਧਾਰ ॥
ਕਿਉਂਕਿ ਫੁਟ ਨੇ ਦੇਸ਼ ਗੁਲਾਮ ਸੀ ਰੱਖਿਆ ਬਰਸ ਹਜ਼ਾਰ ॥ ੪੧ ॥
ਕਿਸੇ ਦੇ ਕੀਤੇ ਅਪਮਾਨ ਤੇ ਰੋਸ ਨ ਕਰੀਐ ਰੰਚ ॥
ਉਲਟਾ ਉਸਨੂੰ ਮਾਨ ਦੇ ਪਿਆਰ ਉਸ ਹਿਰਦੇ ਸੰਚੁ ॥ ੪੨ ॥
ਤਾਂ ਹੀ ਸੁਘੜ ਸੁਜਾਣ ਤੂੰ ਤਾ ਹੀਯਾ ਨਿਰਮਲ ਤੋਰ ॥
ਕਰੁ ਨਫਰਤ ਪਰੇ ਧਕੇਲਨਾ ਏਹਿ ਨ ਕਰੀ ਕੰਮ ਘੋਰੁ ॥ ੪੩ ॥
ਪਿਆਰ ਪ੍ਰੇਮ ਦੀ ਤਾਰ ਬੱਝ ਮਣੀਆਂ ਜਿਉ ਮਾਲ ਏਕੁ ।
ਸਭਨਾ ਨੂੰ ਅਪਣਾਇ ਕੇ ਅਪਣੇ ਸਭ ਹੀ ਦੇਖੁ ॥ ੪੪ ॥
ਖਾਸ ਕੰਮ ਕਰਣਾ ਜੋਈ ਸੋ ਹੈ ਮੇਲ ਮਿਲਾਪੁ ॥
ਪ੍ਰੇਮ ਪਿਆਰ ਉਤਸਾਹੁ ਧਰੁ ਮਿਲੀਐ ਧਾ ਕੇ ਆਪੁ ॥ ੪੫ ॥
ਦ੍ਵਾੜਾਂ ਸਭੇ ਮਿਟਾਇ ਕੇ ਸਮਤਾ ਸਭਹਿ ਪ੍ਰਕਾਸ਼ ॥
ਇਕ ਸਟੇਜ ਮਿਲੇ ਸਭਸ ਕੋ ਮੇ ਮਨ ਵੱਢੀ ਆਸ ॥ ੪੬ ॥

Digitized by Panjab Digital Library | www.panjabdigilib.org

ਇਕ ਪਿਆਰੁ ਵਿਚਾਰੁ ਇਕੁ ਇਕੁ ਧਿਜੇ ਗੇਯ ਏਕੁ ॥
ਤਉ ਤੂੰ ਸੁਧ ਹ੍ਵੈ ਖਾਲਸਾ ਚਮਕਹਿ ਜਗਤ ਵਿਸੇਖੁ ॥ ੪੭ ॥

ਏਤਾ ਜਦ ਤੂੰ ਕਰ ਲਵੇ ਫਿਰ ਅਗੇ ਕੁਛ ਹੋਰੁ ॥
ਜੋ ਕਰਣਾ ਸੋ ਕਹਾ ਜਾਇ ਸਉਪੀ ਜਾਇ ਵਾਗ ਡੋਰੁ ॥ ੪੮ ॥

ਤਉ ਮੇਰੇ ਮਨ ਅਤਿ ਖੁਸ਼ੀ ਅਸ ਅਉਸਰ ਜਬ ਆਇ ॥
ਭਾਵ ਸਮੱਸ਼ਟੀ ਇਕ ਜਾ ਅਚਰਜ ਦਰਸ ਸੁਹਾਇ ॥ ੪੯ ॥

ਆਖਰ ਭਲਾਈ ਭਲਾਈ ਹੈ ਭਲਾ ਹੀ ਸਭ ਕਾ ਹੋਇ ॥
ਭਲਾ ਕੀਤਿਆਂ ਭਲਾ ਹੋ ਭਲਾ ਕਹਿ ਸਭ ਕੋਇ ॥ ੫੦ ॥

ਦ੍ਵੈਤਾ ਤੋ ਦਿਲ ਤੋੜ ਕੇ ਟੁਟੇ ਮਨੁ ਕੀਤੇ ਇਕਠੁ ॥
ਇਕ ਦੂਏ ਮੇਲ ਮਿਲਾਪੁ ਤੇ ਸੌਰ ਗਏ ਕੰਮ ਬਿਕਟੁ ॥ ੫੧ ॥

ਗੁਝੀ ਛੰਨੀ ਬਾਤ ਨ ਪ੍ਰਗਟ ਜਾਣਹਿ ਸਭ ਕੋਇ ॥
ਆਪ ਹੀ ਖਾਲਸਾ ਦੇਖ ਤੂੰ ਬਲ ਕੇਤਾ ਪਿਆਰ ਚ ਹੋਇ ॥ ੫੨ ॥

Digitized by Panjab Digital Library | www.panjabdigilib.org

ਕਹਿਆ ਬਹੁ ਬਿਧਿ ਜੁਗਤਿ ਤੇ ਅਤ ਹੀ ਪ੍ਰੀਤ ਕੀ ਰੀਤ ॥
ਜੈਸਾ ਅਉਸਰ ਸਾਂਹਵੇਂ ਥਾਂ ਵੈਸੀ ਵਰਤੀ ਨੀਤ ॥ ੫੩ ॥
ਅਪਨੇ ਲੀਏ ਹੀ ਕੀਆ ਪਰ ਕੇ ਲੀਏ ਨਾਹਿ ॥
ਖਾਲਸਾ ਮੇਰਾ ਰੂਪ ਹੈ ਹਉ ਖਾਲਸੇ ਮੇ ਆਹਿ ॥ ੫੪ ॥
ਜਾਨ ਮਾਨ ਸਤਕਾਰੁ ਧਨ ਗਿਆਨ ਧਿਆਨ ਵਿਖਆਣ ॥
ਸਭ ਹੀ ਖਾਲਸੇ ਕੇ ਲੀਏ ਦੇਹਿ ਗ੍ਰਿਹ ਮਨ ਬੁਧਿ ਪ੍ਰਾਣ ॥ ੫੫ ॥
ਕੜੂਆ ਮੀਠਾ ਦੂਖਨ ਭੂਖਨ ਸਮੱਸਟੀ ਮਾਹਿ ਸਭੈ ਖਪੱਤੁ ॥
ਬਿਨ ਨਿੰਦਿਆ ਉਸਤਤਿ ਨਾਹਿ ਪੱਖ ਦੋਨੋ ਇਕ ਜਪਤੁ ॥ ੫੬ ॥
ਅਵਗੁਣ ਬਾਹਰ ਕੱਡਨ ਕਉ ਤਾ ਕਾ ਕੀਆ ਵਿਰੋਧ ॥
ਬਿਸੁਕੰਟਾ ਗਰਦਨ ਚੜੇ ਮਾਰ ਧੱਪਾ ਗੇਰੁ ਸੁਬੋਧੁ ॥ ੫੭ ॥
ਧਪਾ ਲਗੇ ਬੁਰਾ ਮਾਨ ਹੈ ਬਿਸਕੰਟਾ ਕੋ ਦੇਖੁ ॥
ਭਲਾ ਮਨਾਇ ਤਾਸ ਕਾ ਆਦਰ ਦਏ ਵਿਸੇਖੁ ॥ ੫੮ ॥
ਰਾਉ ਰੰਕ ਭਾਉ ਇਕੁ ਜਿਹਾ ਗੁਰੂ ਘਰੁ ਏਕੁ ਸਮਾਨੁ ॥
ਮੱਮ ਹਿਰਦੇ ਸਦ ਹੀ ਵਸੈ ਖਾਲਸਾ ਸੁਧ ਮਹਾਨੁ ॥ ੫੯ ॥

Digitized by Panjab Digital Library | www.panjabdigilib.org

PL-0152



ਖਾਲਸ ਪਦ ਊਚੌ ਸਦਾ ਸੂਚੋ ਖਾਲਸਾ ਸੋਧ ॥
ਰਾਚ ਮਾਚ ਸਚੁ ਕਚੁ ਤਜਹੁ ਨਿਰਭਉ ਨਿਰਵੈਰੁ ਸੁਬੋਧ ॥ ੬੦ ॥
ਧਰਮ ਖਾਲਸਾ ਅਚਰਜ ਮਯ ਜਾ ਸਮ ਅਉਰ ਨ ਕੋਇ ॥
ਯਧਪਿ ਸਭੈ ਜਗ ਪੂਰਿਓ ਤਧਪਿ ਮੂਲ ਸੁਖ ਸੋਇ ॥ ੬੧ ॥
ਸਰਬ ਸੁਖਾਂ ਦਾ ਮੂਲ ਤੂੰ ਤੋਹਿ ਕੀਤਾ ਸੀ ਸੁਖਦ ਸ੍ਵਰੂਪ ॥
ਫੁਟ ਭੇੜੀ ਤੋਹਿ ਖਾ ਗਈ ਗੇਰ ਗਈ ਅੰਧੇ ਕੂਪ ॥ ੬੨ ॥
ਰਹਾਂ ਤੇਰੀ ਪਿਠ ਪਿਛੇ ਖਾਲਸਾ ਕਰਾਂ ਸਦਾ ਰਖਵਾਰੁ ॥
ਤੈਨੂੰ ਆਂਚ ਨ ਰੰਚ ਨ ਏਹੀ ਸਦਾ ਵਿਚਾਰ ॥ ੬੩ ॥
ਮਾਹੁ ਬਾਰਾਂ ਪੂਰੇ ਭਏ ਮਾਹ ਚੇਤਰੁ ਵਿਚ ਆਇ ॥
ਸੋਧੁ ਸੁਧਾਈ ਖਾਲਸੇ ਕੀਤੀ ਬਹੁ ਬਿਧਿ ਤਾਇ ॥ ੬੪ ॥
ਸਾਚਾ ਕੋਈ ਭੀ ਨ ਰਹਿਆ ਭਾਵ ਵਿਅੱਸਟੀ ਮਾਹਿ ॥
ਉਚੁ ਪਦੁ ਬੜੇ ਕਹਾਉ ਜੋ ਤੇ ਭੀ ਸਭਹਿ ਪਛੁਤਾਇ ॥ ੬੫ ॥
ਰਾਜ ਪਦ ਨੂੰ ਪਾਇ ਕੈ ਰਾਜ ਮੱਧ ਦਈ ਨ ਆਨ ॥
ਪਿਆਰ ਭਾਉ ਦੀ ਢਾਲ ਸਧਰੇ ਸਗਲ ਜਹਾਨ ॥ ੬੬ ॥

Digitized by Panjab Digital Library | www.panjabdigilib.org

ਭਾਵਨਾ ਪੂਰੀ ਕਰਨ ਕੋ ਨਰੁ ਤਨੁ ਭੇਖ ਮ੍ਰਿਯਾਦਿ ॥
ਬਹੁਤ ਹੋਈ ਥੋਰੀ ਰਹੀ ਹੋਇ ਕੈ ਰਹੈ ਬਿਸਮਾਦਿ ॥ ੬੭ ॥
ਦੇਖੈ ਗੋ ਸਭ ਜਗਤ ਹੀ ਲੁਕੀ ਛਿਪੀ ਨਹੀ ਬਾਤੁ ॥
ਚਮਕ ਦਮਕ ਤੇਰੀ ਖਾਲਸਾ ਵੇਖੈ ਜਗੁ ਵੱਖਿਆਤੁ ॥ ੬੮ ॥
ਵਾਹਿਗੁਰੂ ਜੀ ਕਾ ਖਾਲਸਾ ਫਤਹ ਖਾਲਸਾ ਕਰੀ ਪ੍ਰਵਾਨੁ ॥
ਇਨਾ ਬਾਰਾਂ ਮਾਸ ਕੀ ਲਿਖਤਾ ਤੇ ਭਯਾ ਕਾਰੀਯ ਰਾਸ ਮਹਾਨੁ ॥ ੬੯ ॥

( ਖਾਲਸੇ ਦੀ ਸੋਧ ਸੁਧਾਈ ਦੇ ਬਾਰਾਂ ਮਾਸ ਪੂਰੇ ਭਏ ॥ )

॥ ਸਮਾਪਤਾ ॥ ਕੋਈ ਪੁਰਖੁ

ਪਿਆਰੇ ਖਾਲਸਾ ਬਾਰਾ ਮਹੀਨੇ ਪੂਰੇ ਭਏ ਤੇ ਸਾਥ ਹੀ ਭਾਰਤ ਨਾਲ ਤੇਰੀ ਸਮਾਨਤਾ ਭੀ ਪੂਰੀ ਭਈ ਇਸ ਤੇ ਏਹਿ ਵਿਚਾਰ ਭੀ ਪੂਰਾ ਹੂਆ, ਹੁਣ ਅਗੇ ਹੋਰ ਵਿਚਾਰ ਧਾਰਾ ਹੋਰ ਕਿਸੇ ਰੂਪ ਵਿਚ ਹੋਵੇਗੀ ॥ ਕੋਈ ਪੁਰਖੁ

Digitized by Panjab Digital Library | www.panjabdigilib.org